# ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:), ਪੰਜਾਬ।

ਪੰਜਾਬ ਸਕੂਲ ਸਿਖਿਆ ਬੋਰਡ ਕੰਪਲੈਕਸ, ਫੇਜ-8, ਐਸ ਏ ਐਸ ਨਗਰ

## ਨੋਟਿਸ

ਮਾਨਯੋਗ ਕੋਰਟ ਵਲੋ ਸਿਵਲ ਰਿਟ ਪਟੀਸਨ ਨੰ: 185 ਆਫ 2014 ਵਿਚ ਕੀਤੇ ਹੁਕਮਾਂ ਅਨੁਸਾਰ ਮਾਸਟਰ/ਮਿਸਟ੍ਰੈਸ ਕਾਡਰ ਦੀ ਸੀਨੀਆਰਤਾ ਤਿਆਰ ਕਰਨ ਲਈ ਦਿਸਾ ਨਿਰਦੇਸ ਦਿੱਤੇ ਗਏ ਸਨ। ਇਹਨਾਂ ਦਿਸ਼ਾ ਨਿਰਦੇਸ਼ਾ ਅਨੁਸਾਰ ਵਿਭਾਗ ਵਲੋ ਮਾਸਟਰ /ਮਿਸਟ੍ਰੈਸ ਕਾਡਰ ਦੀ ਸੀਨੀਆਰਤਾ ਤਿਆਰ ਕਰਕੇ ਮਿਤੀ 12-12-2017 ਨੂੰ ਜਾਰੀ ਕੀਤੀ ਗਈ ਸੀ। ਮਿਤੀ 12-12-2017 ਨੂੰ ਜਾਰੀ ਸੀਨੀਆਰਤਾ ਸੂਚੀ ਨੂੰ ਕੁੱਝ ਅਧਿਅਪਕਾਂ ਵਲੋ ਮਾਨਯੋਗ ਹਾਈ ਕੋਰਟ ਵਿਖੇ ਸਿਵਲ ਰਿਟ ਪਟੀਸਨ ਨੰ: 3491 ਆਫ 2018 ਦਾਇਰ ਕਰਕੇ ਚੈਲਿੰਜ ਕੀਤਾ ਗਿਆ। ਮਾਨਯੋਗ ਹਾਈ ਕੋਰਟ ਵਲੋ ਮਿਤੀ 12-12-2017 ਨੂੰ ਜਾਰੀ ਸੀਨੀਆਰਤਾ ਸੂਚੀ ਤੇ ਰੋਕ ਲਗਾ ਦਿੱਤੀ ਗਈ। ਇਸ ਉਪਰੰਤ ਵਿਭਾਗ ਵਲੋ ਮਿਤੀ 12-12-2017 ਨੂੰ ਜਾਰੀ ਸੀਨੀਆਰਤਾ ਸੂਚੀ ਹੁਕਮ ਨੰ: 16/3-2017 ਅਮਲਾ-2(6), ਅਮਲਾ-3(4)/201821031, ਮਿਤੀ 08-06-2018 ਰਾਹੀ ਵਾਪਿਸ ਲੈ ਲਈ ਗਈ। ਹੁਣ ਮਾਨਯੋਗ ਹਾਈ ਕੋਰਟ ਵਲੋ ਸਿਵਲ ਰਿਟ ਪਟੀਸਨ ਨੰ: 3491 ਆਫ 2018 ਵਿਚ ਫੈਸਲਾ ਦਿੰਦੇ ਹੋਏ ਮਾਸਟਰ/ ਮਿਸਟ੍ਰੈਸ ਕਾਡਰ ਦੀ ਸੀਨੀਆਰਤਾ ਰੂਲਾਂ ਅਤੇ ਸਿਵਲ ਰਿਟ ਪਟੀਸਨ ਨੰ: 185 ਆਫ 2014 ਵਿਚ ਦਿਤੀਆ ਗਈਆਂ ਗਾਇਡਲਾਇਨਜ ਅਨੁਸਾਰ ਨਵੇ ਸਿਰੇ ਤੋ ਤਿਆਰ ਕਰਨ ਦੇ ਆਦੇਸ ਦਿੱਤੇ ਗਏ ਹਨ।

ਉਪਰੋਕਤ ਹੁਕਮਾਂ ਦੇ ਸਨਮੁੱਖ ਮਾਸਟਰ/ ਮਿਸਟ੍ਰੈਸ ਕਾਡਰ ਦੀ ਆਰਜੀ ਸੀਨੀਆਰਤਾ ਸੂਚੀ ਤਿਆਰ ਕਰਕੇ ਮਿਤੀ 23-08-2018 ਨੂੰ ਵਿਭਾਗ ਦੀ ਵੈਬ ਸਾਇਟ www.ssapunjab.org ਤੇ ਅਪਲੋਡ ਕਰਕੇ ਮਿਤੀ 22-09-2018 ਤੱਕ ਇਤਰਾਜ ਭੇਜਣ ਲਈ ਨੋਟਿਸ ਵਿਭਾਗ ਦੀ ਵੈਬ ਸਾਇਟ ਅਤੇ ਅਖਬਾਰਾਂ ਵਿਚ ਪ੍ਰਕਾਸਿਤ ਕਰਵਾਇਆ ਗਿਆ ਸੀ। ਦਫਤਰ ਵਿਖੇ ਇਸ ਸਬੰਧ ਵਿਚ 9681 ਇਤਰਾਜ ਪ੍ਰਾਪਤ ਹੋਏ ਹਨ। ਇਹਨਾ ਇਤਰਾਜਾਂ ਵਿਚੋ 5366 ਇਤਰਾਜ ਅਧਿਆਪਕਾ ਵਲੋ ਸੀਨੀਆਰਤਾ ਵਿਚ ਆਪਣੇ ਵੇਰਵੇ ਪੂਰੇ ਕਰਵਾਉਣ ਲਈ ਪ੍ਰਾਪਤ ਹੋਏ ਹਨ, 4223 ਨਵੀਆਂ ਐਟਰੀਆ ਕਰਨ ਲਈ ਕੇਸ ਪ੍ਰਪਤ ਹੋਏ ਹਨ। ਇਹਨਾਂ ਇਤਰਾਜਾ ਨੂੰ ਵਿਚਾਰ ਕੇ ਸੀਨੀਆਰਤਾ ਠੀਕ ਕੀਤੀ ਗਈ ਹੈ।

ਇਸ ਤੋ ਇਲਾਵਾ ਕੁਝ ਅਧਿਆਪਕਾਂ ਵਲੋ ਸੀਨੀਆਰਤਾ ਸਬੰਧੀ ਤਕਨੀਕੀ ਇਤਰਾਜ ਭੇਜੇ ਗਏ ਹਨ। ਜਿਹਨਾਂ ਦਾ ਫੈਸਲਾ ਵਿਭਾਗ ਵਲੋ ਫਾਇਨਲ ਸੀਨੀਆਰਤਾ ਸੂਚੀ ਜਾਰੀ ਕਰਨ ਤੋ ਪਹਿਲਾ ਕਰ ਦਿੱਤਾ ਜਾਵੇਗਾ।

ਸੋਧਾਂ ਉਪਰੰਤ ਤਿਆਰ ਕੀਤੀ ਆਰਜੀ ਸੀਨੀਆਰਤਾ ਵਿਭਾਗ ਦੀ ਵੈਬ ਸਾਇਟ www.ssapunjab.org ਤੇ ਅਪਲੋਡ ਕਰ ਦਿੱਤੀ ਗਈ ਹੈ। ਜੇਕਰ ਇਸ ਆਰਜੀ ਸੀਨੀਆਰਤਾ ਸੂਚੀ ਵਿਚ ਕਿਸੇ ਅਧਿਆਪਕ ਦੇ ਵੇਰਵੇ ਦਰਜ ਹੋਣ ਤੋ ਰਹਿ ਗਏ ਹੋਣ ਜਾ ਕਿਸੇ ਅਧਿਆਪਕ ਦੇ ਵੇਰਵੇ ਅਧੂਰੇ ਹੋਣ, ਉਹ ਇਸ ਸਬੰਧੀ ਇਤਰਾਜ ਮਿਤੀ 12-11-2018 ਤੱਕ ਡਾਇਰੈਕਟੋਰੇਟ ਵਿਖੇ **ਈ-ਪੰਜਾਬ ਸਕੂਲ ਪੋਰਟਲ ਦੇ Staff Login ਲਿੰਕ ਅਧੀਨ ਭੇਜ ਸਕਦੇ ਹਨ।** Staff Login ਵਿਚ ਮਾਸਟਰ / ਮਿਸਟ੍ਰੈਸ ਕਾਡਰ ਦੀ ਸੀਨੀਆਰਤਾ ਦਾ ਅਲੱਗ ਤੋ ਲਿੰਕ ਬਣਾਇਆ ਗਿਆ ਹੈ। ਇਸ ਲਿੰਕ ਵਿਚ ਇਤਰਾਜ ਵਾਲੇ ਕਾਲਮ ਵਿਚ ਸਪਸ਼ਟ ਤੌਰ ਤੇ ਲਿੱਖਿਆ ਜਾਵੇ ਕਿ

ਅਧਿਆਪਕ ਸੀਨੀਆਰਤਾ ਲਿਸਟ ਵਿਚ ਕੀ ਸੋਧ ਕਰਵਾਉਣਾ ਚਾਹੁੰਦਾ ਹੈ। ਅਗਰ ਅਧਿਆਪਕ ਦਾ ਨਾਮ ਆਰਜੀ ਸੀਨੀਆਰਤਾ ਸੂਚੀ ਵਿਚ ਸ਼ਾਮਲ ਨਹੀ ਹੈ ਤਾਂ ਉਹ ਇਤਰਾਜ ਵਾਲੇ ਕਾਲਮ ਵਿਚ ਪੂਰੇ ਵੇਰਵੇ ਦਰਜ ਕਰੇਗਾ।

**ਕੋਈ ਵੀ ਇਤਰਾਜ Grievances Link ਤੇ ਅਤੇ ਡਾਕ ਰਾਹੀ ਨਾ ਭੇਜਿਆ ਜਾਵੇ। Grievances Link ਤੇ ਅਤੇ ਡਾਕ ਰਾਹੀ ਭੇਜੇ ਗਏ ਇਤਰਾਜਾਂ ਤੇ ਵਿਚਾਰ ਨਹੀ ਕੀਤਾ ਜਾਵੇਗਾ।**

ਇਸ ਸੀਨੀਆਰਤਾ ਸੂਚੀ ਵਿਚ ਅਕਤੂਬਰ 2016 ਤੱਕ ਦੇ ਰੈਗੂਲਰ ਭਰਤੀ ਅਧਿਆਪਕਾਂ ਦੇ ਨਾਮ ਸ਼ਾਮਲ ਕੀਤੇ ਗਏ ਹਨ। ਇਸ ਸੀਨੀਆਰਤਾ ਸੂਚੀ ਵਿਚ 6060 ਅਸਾਮੀਆ ਅਧੀਨ ਭਰਤੀ ਅਧਿਆਪਕਾ ਦੇ ਨਾਮ ਅਜੇ ਸ਼ਾਮਲ ਨਹੀ ਕੀਤੇ ਗਏ, ਕਿਉਂ ਜੋ ਉਹਨਾ ਦੀ ਭਰਤੀ ਸਬੰਧੀ ਸਿਵਲ ਰਿਟ ਪਟੀਸ਼ਨ ਨੰ: 22959 ਆਫ 2016 ਮਾਨਯੋਗ ਹਾਈ ਵਿਖੇ ਵਿਚਾਰ ਅਧੀਨ ਹੈ। ਇਸ ਲਈ 6060 ਅਸਾਮੀਆਂ ਅਧੀਨ ਭਰਤੀ ਅਧਿਆਪਕ ਕੋਈ ਇਤਰਾਜ ਨਾ ਭੇਜਣ।

ਮਿਤੀ 12-11-2018 ਤੋ ਬਾਅਦ ਪ੍ਰਾਪਤ ਕਿਸੇ ਵੀ ਇਤਰਾਜ ਤੇ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਸੀਨੀਆਰਤਾ ਸੂਚੀ ਨੂੰ ਅੰਤਿਮ ਰੂਪ ਦੇ ਦਿੱਤਾ ਜਾਵੇਗਾ।

ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:), ਪੰਜਾਬ

ਮੀਮੋ ਨੰ: 9/131-2018 ਅਮਲਾ-3(4)

ਮਿਤੀ :- 05-11-2018